## ਦਿਲਚਸਪੀ ਦਾ ਖੇਤਰ ਵਿਦਿਆਰਥੀ ਸਰਵੇਖਣ 2023

**Green River ਵਿਖੇ ਵਿਦਿਆਰਥੀਆਂ ਲਈ ਨਵੇਂ ਵਿਦਿਆਰਥੀ ਅਨੁਭਵ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਇਸ ਮਹੱਤਵਪੂਰਨ ਸਰਵੇਖਣ ਨੂੰ ਭਰਨ ਵਾਸਤੇ ਤੁਹਾਡਾ ਧੰਨਵਾਦ।**

**ਹੇਠਾਂ ਤੁਹਾਨੂੰ "ਦਿਲਚਸਪੀ ਦਾ ਖੇਤਰ (AOI)", ਜਾਂ ਤਾਂ ਵਿਕਲਪ A ਜਾਂ ਵਿਕਲਪ B ਦਿਖਾਇਆ ਗਿਆ ਹੈ ਜੋ ਉਨ੍ਹਾਂ ਵੱਖੋ-ਵੱਖ ਕੋਰਸਾਂ, ਪ੍ਰੋਗਰਾਮਾਂ ਅਤੇ ਡਿਗਰੀਆਂ ਨੂੰ ਦਰਸਾਉਂਦਾ ਹੈ ਜੋ ਸਾਡੇ ਕੋਲ Green River ਵਿਖੇ ਹਨ।**

**ਇਹ ਸਰਵੇਖਣ "ਦਿਲਚਸਪੀ ਦੇ ਖੇਤਰਾਂ" ਨੂੰ ਬਿਹਤਰ ਤਰੀਕੇ ਨਾਲ ਵਿਵਸਥਿਤ ਕਰਨ ਵਿੱਚ ਸਾਡੀ ਮਦਦ ਕਰੇਗਾ ਤਾਂ ਜੋ ਅਸੀਂ ਵਿਦਿਆਰਥੀਆਂ ਦੀ ਉਨ੍ਹਾਂ ਦੇ ਅਕਾਦਮਿਕ ਅਤੇ ਕਰੀਅਰ ਟੀਚਿਆਂ ਉੱਪਰ ਕੰਮ ਦੀ ਸ਼ੁਰੂਆਤ ਕਰਨ ਵਿੱਚ ਮਦਦ ਕਰ ਸਕੀਏ। ਕਿਰਪਾ ਕਰਕੇ ਹਰੇਕ ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹੋ ਅਤੇ ਤੁਹਾਨੂੰ ਦਿੱਤੇ ਜਾਣ ਵਾਲੇ ਵਿਕਲਪ ਨੂੰ ਦੇਖੋ।**

1. ਕਿਰਪਾ ਕਰਕੇ ਆਪਣਾ ਨਾਮ ਅਤੇ ਈਮੇਲ ਪਤਾ ਦਰਜ ਕਰੋ।

**ਨਾਮ** ____________________

**ਈਮੇਲ ਪਤਾ** ____________________

Green River COLLEGE

## ਦਿਲਚਸਪੀ ਦਾ ਖੇਤਰ ਵਿਦਿਆਰਥੀ ਸਰਵੇਖਣ 2023

| **ਵਿਕਲਪ A** |
| --- |
| ਵਿਗਿਆਨ, ਤਕਨਾਲੋਜੀ, ਇੰਜੀਨਿਅਰਿੰਗ ਅਤੇ ਗਣਿਤ<br><br>ਕੀ ਤੁਹਾਨੂੰ ਭੌਤਿਕ ਅਤੇ ਕੁਦਰਤੀ ਦੁਨੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਦਿਲਚਸਪੀ ਹੈ? ਨਿਰੀਖਣ ਅਤੇ ਪ੍ਰਯੋਗ ਦੇ ਮਾਧਿਅਮ ਰਾਹੀਂ ਦੁਨੀਆਂ ਨੂੰ ਸਮਝਣਾ ਸਿੱਖੋ। ਦਿਲਚਸਪੀ ਦੇ ਇਸ ਖੇਤਰ ਵਿਚਲੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਨਵੀਂ ਦਵਾਈ ਦੀ ਖੋਜ ਕਰਨ, ਕੰਪਿਊਟਰ ਸੌਫ਼ਟਵੇਅਰ ਬਣਾਉਣ ਜਾਂ ਗਲੋਬਲ ਵਾਰਮਿੰਗ ਦੀ ਸਮੱਸਿਆ ਨੂੰ ਹੱਲ ਕਰਨ ਵਰਗੀਆਂ ਚੀਜ਼ਾਂ ਲਈ ਤਿਆਰ ਕਰਦੇ ਹਨ। |
| ਕਾਰੋਬਾਰ ਅਤੇ ਉੱਦਮਤਾ<br><br>ਭਵਿੱਖ ਦੇ ਕਾਰੋਬਾਰੀ ਲੀਡਰ ਦਿਲਚਸਪੀ ਦੇ ਇਸ ਖੇਤਰ ਤੋਂ ਸ਼ੁਰੂਆਤ ਕਰਨਗੇ। ਭਾਵੇਂ ਤੁਸੀਂ ਮੈਨੇਜਮੈਂਟ, ਉੱਦਮਤਾ, ਅਕਾਊਂਟਿੰਗ ਜਾਂ ਕਾਰੋਬਾਰ ਪ੍ਰਬੰਧਨ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹੋ ਜਾਂ ਜੇਕਰ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਇੱਕ ਖੇਤਰ ਵਿੱਚ ਜੂਨੀਅਰ ਸਟੈਂਡਿੰਗ ਦੇ ਨਾਲ ਕਿਸੇ ਯੂਨੀਵਰਸਿਟੀ ਵਿੱਚ ਟ੍ਰਾਂਸਫਰ ਹੋਣ ਦੀ ਸੋਚ ਰਹੇ ਹੋ, ਤਾਂ ਤੁਸੀਂ ਕਿਸੇ ਵੀ ਉਤਸ਼ਾਹਜਨਕ ਖੇਤਰ ਵਿੱਚ ਆਪਣੇ ਕੰਮ ਕਰਨ ਦੇ ਸੁਪਨਿਆਂ ਤੱਕ ਪਹੁੰਚਣ ਲਈ ਜ਼ਰੂਰੀ ਮੁਹਾਰਤਾਂ ਸਿੱਖੋਗੇ। |
| ਕੁਸ਼ਲ ਵਪਾਰ, ਉਦਯੋਗਿਕ ਤਕਨਾਲੋਜੀ, ਏਵੀਏਸ਼ਨ, ਅਤੇ ਕੁਦਰਤੀ ਸੰਸਾਧਨ<br><br>ਸਾਡੀ ਦੁਨੀਆਂ ਕੁਸ਼ਲ ਵਪਾਰਾਂ ਉੱਪਰ ਟਿਕੀ ਹੋਈ ਹੈ। ਮਕੈਨਿਕ ਸਾਡੇ ਵਾਹਨਾਂ ਨੂੰ ਚੱਲਦਾ ਰੱਖਦੇ ਹਨ। ਏਵੀਏਸ਼ਨ ਤਕਨੀਸ਼ੀਅਨ ਸਾਡੇ ਜਹਾਜ਼ਾਂ ਨੂੰ ਉਡਾਉਂਦੇ ਹਨ। ਵੈਲਡਰ ਅਤੇ ਕਾਰਪੇਂਟਰ ਸਾਡੇ ਘਰ ਅਤੇ ਸ਼ਹਿਰ ਬਣਾਉਂਦੇ ਹਨ। ਮਸ਼ੀਨਾਂ ਚਲਾਉਣ ਵਾਲੇ ਸਾਡੀਆਂ ਫੈਕਟਰੀਆਂ ਨੂੰ ਚਲਾਈ ਰੱਖਦੇ ਹਨ। ਫੋਰੈਸਟ ਰੇਂਜਰ ਸਾਡੀਆਂ ਹਰੀਆਂ-ਭਰੀਆਂ ਥਾਵਾਂ ਨੂੰ ਬਰਕਰਾਰ ਰੱਖਦੇ ਹਨ। ਕੁਸ਼ਲ ਵਪਾਰ ਅਤੇ ਤਕਨੀਕੀ ਸਿਖਲਾਈ ਹੈਂਡਸ-ਆਨ ਇੰਸਟ੍ਰਕਸ਼ਨ, ਕੰਪਿਊਟਰ ਅਤੇ ਪ੍ਰੋਬਲਮ-ਸੋਲਵਿੰਗ ਸਕਿੱਲ ਅਤੇ ਰਚਨਾਤਮਕ ਸੋਚ ਉੱਤੇ ਜ਼ੋਰ ਦਿੰਦੀ ਹੈ। |
| ਯਕੀਨ ਨਹੀਂ ਹੈ? ਅਕਾਦਮਿਕ ਅਤੇ ਕਰੀਅਰ ਵਿਕਲਪਾਂ ਦੀ ਖੋਜ ਕਰੋ<br><br>ਪਤਾ ਨਹੀਂ ਹੈ ਕਿ ਤੁਸੀਂ ਕਿਹੜੀ ਡਿਗਰੀ ਅਤੇ/ਜਾਂ ਨੌਕਰੀ ਕਰਨਾ ਚਾਹੁੰਦੇ ਹੋ? ਅੱਜ ਹੀ ਅਕਾਦਮਿਕ ਜਾਂ ਕਰੀਅਰ ਅਡਵਾਇਜ਼ਰ ਨਾਲ ਗੱਲ ਕਰੋ! ਜਾਂ Green River College ਕੀ ਕੁੱਝ ਪੇਸ਼ ਕਰ ਸਕਦਾ ਹੈ ਅਤੇ ਆਪਣੇ ਬਾਰੇ ਹੋਣ ਜਾਣਨ ਲਈ ਐਕਸਪਲੋਰੇਟਰੀ ਕਲਾਸ ਵਾਸਤੇ ਸਾਈਨ ਅੱਪ ਕਰੋ। |
| ਸਮਾਜਿਕ ਸਿੱਖਿਆ<br><br>ਸਮਾਜਿਕ ਸਿੱਖਿਆ ਮਨੁੱਖੀ ਸਮਾਜ, ਸੱਭਿਆਚਾਰਾਂ ਅਤੇ ਸੰਸਥਾਵਾਂ ਦੀ ਗਤੀਸ਼ੀਲਤਾ ਦਾ ਅਧਿਐਨ ਕਰਨ ਲਈ ਇੱਕ ਵਿਵਸਥਿਤ, ਸਬੂਤ-ਅਧਾਰਿਤ ਦ੍ਰਿਸ਼ਟੀਕੋਣ ਹੈ। ਸਮਾਜਿਕ ਸਿੱਖਿਆ ਕੋਰਸ ਵਿਦਿਆਰਥੀਆਂ ਨੂੰ ਤਰਕਪੂਰਨ ਸੋਚ ਅਤੇ ਲਿਖਾਈ ਦੀਆਂ ਮੁਹਾਰਤਾਂ, ਅਸਲ ਸਮਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀਆਂ ਮੁਹਾਰਤਾਂ ਅਤੇ ਸਾਡੀ ਵੱਖਰੀ ਦੁਨੀਆ ਦੀ ਇੱਕ ਵੱਡੀ ਸਮਝ ਪ੍ਰਦਾਨ ਕਰਨਗੇ। |
| ਸਿਹਤ-ਦੇਖਭਾਲ ਅਤੇ ਤੰਦਰੁਸਤੀ |

| |
|---|
| ਫਿੱਟਨੈੱਸ ਸਪੈਸ਼ਲਿਸਟਾਂ, ਮੈਡੀਕਲ ਆਫ਼ਿਸ ਕਰਮਚਾਰੀਆਂ ਅਤੇ ਸਿਹਤ-ਦੇਖਭਾਲ ਪ੍ਰਦਾਤਿਆਂ ਦੀ ਬਹੁਤ ਜ਼ਿਆਦਾ ਮੰਗ ਹੈ। ਵਾਸ਼ਿੰਗਟਨ ਰਾਜ ਦੇ ਸਕੂਲਾਂ, ਕਲੀਨਿਕਾਂ, ਹਸਪਤਾਲਾਂ ਅਤੇ ਫਿਟਨੈੱਸ ਸੈਂਟਰਾਂ ਵਿੱਚ ਅਤੇ ਇਸ ਤੋਂ ਬਾਹਰ ਲੋਕਾਂ ਨਾਲ ਸਿੱਧਾ ਕੰਮ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਦੇਖਭਾਲਪੂਰਨ, ਦਿਆਲੂ ਲੋਕਾਂ ਦੀ ਲੋੜ ਹੈ। ਇੱਕ ਬਿਹਤਰੀਨ ਕਰੀਅਰ ਤੁਹਾਡੀ ਉਡੀਕ ਕਰ ਰਿਹਾ ਹੈ! |
| ਅੰਗਰੇਜ਼ੀ ਭਾਸ਼ਾ ਸਿੱਖਿਆ (ELL), ਹਾਈ ਸਕੂਲ ਕ੍ਰਡੈਂਸ਼ਿਅਲ ਅਤੇ ਕਾਲਜ ਦੀ ਤਿਆਰੀ<br><br>ਅੰਗਰੇਜ਼ੀ ਸਿੱਖੋ, ਆਪਣਾ ਹਾਈ ਸਕੂਲ ਡਿਪਲੋਮਾ ਪੂਰਾ ਕਰੋ, ਆਪਣੇ GED ਦੀ ਤਿਆਰੀ ਕਰੋ ਜਾਂ ਕਾਲਜ-ਪੱਧਰ ਦੇ ਕੋਰਸਾਂ ਲਈ ਤਿਆਰ ਹੋ ਜਾਓ। |
| ਫਾਈਨ ਆਰਟਸ ਅਤੇ ਮਾਨਵਿਕੀ-ਸ਼ਾਸਤਰ<br><br>ਜੇਕਰ ਤੁਸੀਂ ਸਿਰਜਣਾਤਮਕ ਹੋ ਅਤੇ ਕਲਾਤਮਕ ਸ਼ੈਲੀ ਦੇ ਵੱਖ-ਵੱਖ ਰੂਪਾਂ ਬਾਰੇ ਹੋਰ ਜਾਣਨ ਵਿੱਚ ਦਿਲਚਸਪੀ ਰੱਖਦੇ ਹੋ। ਜਾਂ ਜੇਕਰ ਤੁਸੀਂ ਸਿਰਜਣਾਤਮਕ ਅਤੇ ਤਰਕਪੂਰਨ ਸੋਚ ਮੁਹਾਰਤ ਵਿਕਸਿਤ ਕਰਨਾ ਚਾਹੁੰਦੇ ਹੋ ਜੋ ਕਈ ਰੁਜ਼ਗਾਰਦਾਤਾ ਕਰਨਾ ਚਾਹੁੰਦੇ ਹਨ। ਜਾਂ ਜੇਕਰ ਤੁਸੀਂ ਮਨੁੱਖੀ ਸਥਿਤੀ ਦਾ ਨਿਰਮਾਣ ਕਰਨ ਵਾਲੇ ਵੱਖ-ਵੱਖ ਤਰ੍ਹਾਂ ਦੇ ਅਨੁਭਵਾਂ ਦਾ ਅਧਿਐਨ ਕਰਨ ਲਈ ਚਾਰ ਸਾਲਾ ਯੂਨੀਵਰਸਿਟੀ ਵਿੱਚ ਟ੍ਰਾਂਸਫਰ ਹੋਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਸਾਡੇ ਫਾਈਨ ਆਰਟਸ ਅਤੇ ਮਾਨਵਿਕੀ-ਸ਼ਾਸਤਰ ਵਿੱਚ ਤੁਹਾਡੇ ਦੁਆਰਾ ਵਿਕਸਿਤ ਕੀਤੀਆਂ ਜਾਣ ਵਾਲੀਆਂ ਮੁਹਾਰਤਾਂ ਤੁਹਾਨੂੰ ਇਨ੍ਹਾਂ ਸੰਭਾਵਨਾਵਾਂ ਲਈ ਤਿਆਰ ਕਰਨਗੀਆਂ। |
| ਮਨੁੱਖੀ ਸੇਵਾਵਾਂ ਅਤੇ ਵਿੱਦਿਆ<br><br>ਅਰੰਭਿਕ ਬਚਪਨ ਜਾਂ ਐਲੀਮੈਂਟਰੀ ਵਿੱਦਿਆ, ਅਪਰਾਧਿਕ ਨਿਆਂ, ਕਨੂੰਨੀ ਅਧਿਐਨ ਜਾਂ ਹੋਰ ਖੇਤਰਾਂ ਵਿੱਚ ਕੰਮ ਕਰਨ ਦੇ ਰਾਹ ਖੋਜੋ। ਜੇਕਰ ਤੁਸੀਂ ਲੋਕਾਂ ਨਾਲ ਕੰਮ ਕਰਨ ਦਾ ਜਨੂਨ ਰੱਖਦੇ ਹੋ, ਤਾਂ ਸਾਡੇ ਨਾਲ ਆਪਣੇ ਕਰੀਅਰ ਅਤੇ ਡਿਗਰੀ ਵਿਕਲਪਾਂ ਦੀ ਖੋਜ ਕਰੋ। |

| **ਵਿਕਲਪ B** |
|---|
| ਵਿਗਿਆਨ, ਤਕਨਾਲੋਜੀ, ਇੰਜੀਨਿਅਰਿੰਗ ਅਤੇ ਗਣਿਤ<br><br>ਕੀ ਤੁਹਾਨੂੰ ਭੌਤਿਕ ਅਤੇ ਕੁਦਰਤੀ ਦੁਨੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਦਿਲਚਸਪੀ ਹੈ? ਨਿਰੀਖਣ ਅਤੇ ਪ੍ਰਯੋਗ ਦੇ ਮਾਧਿਅਮ ਰਾਹੀਂ ਦੁਨੀਆਂ ਨੂੰ ਸਮਝਣਾ ਸਿੱਖੋ। ਦਿਲਚਸਪੀ ਦੇ ਇਸ ਖੇਤਰ ਵਿਚਲੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਨਵੀਂ ਦਵਾਈ ਦੀ ਖੋਜ ਕਰਨ, ਕੰਪਿਊਟਰ ਸੌਫ਼ਟਵੇਅਰ ਬਣਾਉਣ ਜਾਂ ਗਲੋਬਲ ਵਾਰਮਿੰਗ ਦੀ ਸਮੱਸਿਆ ਨੂੰ ਹੱਲ ਕਰਨ ਵਰਗੀਆਂ ਚੀਜ਼ਾਂ ਲਈ ਤਿਆਰ ਕਰਦੇ ਹਨ। |
| ਕਾਰੋਬਾਰ ਅਤੇ ਉੱਦਮਤਾ<br><br>ਭਵਿੱਖ ਦੇ ਕਾਰੋਬਾਰੀ ਲੀਡਰ ਦਿਲਚਸਪੀ ਦੇ ਇਸ ਖੇਤਰ ਤੋਂ ਸ਼ੁਰੂਆਤ ਕਰਨਗੇ। ਭਾਵੇਂ ਤੁਸੀਂ ਮੈਨੇਜਮੈਂਟ, ਉੱਦਮਤਾ, ਅਕਾਊਂਟਿੰਗ ਜਾਂ ਕਾਰੋਬਾਰ ਪ੍ਰਬੰਧਨ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹੋ ਜਾਂ ਜੇਕਰ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਇੱਕ ਖੇਤਰ ਵਿੱਚ ਜੂਨੀਅਰ ਸਟੈਂਡਿੰਗ ਦੇ ਨਾਲ ਕਿਸੇ ਯੂਨੀਵਰਸਿਟੀ ਵਿੱਚ ਟ੍ਰਾਂਸਫਰ ਹੋਣ ਦੀ ਸੋਚ ਰਹੇ ਹੋ, ਤਾਂ ਤੁਸੀਂ ਕਿਸੇ ਵੀ ਉਤਸ਼ਾਹਜਨਕ ਖੇਤਰ ਵਿੱਚ ਆਪਣੇ ਕੰਮ ਕਰਨ ਦੇ ਸੁਪਨਿਆਂ ਤੱਕ ਪਹੁੰਚਣ ਲਈ ਜ਼ਰੂਰੀ ਮੁਹਾਰਤਾਂ ਸਿੱਖੋਗੇ। |
| ਕੁਸ਼ਲ ਵਪਾਰ, ਉਦਯੋਗਿਕ ਤਕਨਾਲੋਜੀ, ਏਵੀਏਸ਼ਨ, ਅਤੇ ਕੁਦਰਤੀ ਸੰਸਾਧਨ<br><br>ਸਾਡੀ ਦੁਨੀਆਂ ਕੁਸ਼ਲ ਵਪਾਰਾਂ ਉੱਪਰ ਟਿਕੀ ਹੋਈ ਹੈ। ਮਕੈਨਿਕ ਸਾਡੇ ਵਾਹਨਾਂ ਨੂੰ ਚੱਲਦਾ ਰੱਖਦੇ ਹਨ। ਏਵੀਏਸ਼ਨ ਤਕਨੀਸ਼ੀਅਨ ਸਾਡੇ ਜਹਾਜ਼ਾਂ ਨੂੰ ਉਡਾਉਂਦੇ ਹਨ। ਵੈਲਡਰ ਅਤੇ ਕਾਰਪੇਂਟਰ ਸਾਡੇ ਘਰ ਅਤੇ ਸ਼ਹਿਰ ਬਣਾਉਂਦੇ ਹਨ। ਮਸ਼ੀਨਾਂ ਚਲਾਉਣ ਵਾਲੇ ਸਾਡੀਆਂ ਫੈਕਟਰੀਆਂ ਨੂੰ ਚਲਾਈ ਰੱਖਦੇ ਹਨ। ਫੋਰੈਸਟ ਰੇਂਜਰ ਸਾਡੀਆਂ ਹਰੀਆਂ-ਭਰੀਆਂ ਥਾਵਾਂ ਨੂੰ ਬਰਕਰਾਰ ਰੱਖਦੇ ਹਨ। ਕੁਸ਼ਲ ਵਪਾਰ ਅਤੇ ਤਕਨੀਕੀ ਸਿਖਲਾਈ ਹੈਂਡਸ-ਆਨ ਇੰਸਟ੍ਰਕਸ਼ਨ, ਕੰਪਿਊਟਰ ਅਤੇ ਪ੍ਰੋਬਲਮ-ਸੋਲਵਿੰਗ ਸਕਿੱਲ ਅਤੇ ਰਚਨਾਤਮਕ ਸੋਚ ਉੱਤੇ ਜ਼ੋਰ ਦਿੰਦੀ ਹੈ। |
| ਯਕੀਨ ਨਹੀਂ ਹੈ? ਅਕਾਦਮਿਕ ਅਤੇ ਕਰੀਅਰ ਵਿਕਲਪਾਂ ਦੀ ਖੋਜ ਕਰੋ |

| |
|---|
| ਪਤਾ ਨਹੀਂ ਹੈ ਕਿ ਤੁਸੀਂ ਕਿਹੜੀ ਡਿਗਰੀ ਅਤੇ/ਜਾਂ ਨੌਕਰੀ ਕਰਨਾ ਚਾਹੁੰਦੇ ਹੋ? ਅੱਜ ਹੀ ਅਕਾਦਮਿਕ ਜਾਂ ਕਰੀਅਰ ਅਡਵਾਇਜ਼ਰ ਨਾਲ ਗੱਲ ਕਰੋ! ਜਾਂ Green River College ਕੀ ਕੁੱਝ ਪੇਸ਼ ਕਰ ਸਕਦਾ ਹੈ ਅਤੇ ਆਪਣੇ ਬਾਰੇ ਹੋਣ ਜਾਣਨ ਲਈ ਐਕਸਪਲੋਰੇਟਰੀ ਕਲਾਸ ਵਾਸਤੇ ਸਾਈਨ ਅੱਪ ਕਰੋ। |
| ਸਮਾਜਿਕ ਸਿੱਖਿਆ ਅਤੇ ਕਨੂੰਨ<br><br>ਸਮਾਜਿਕ ਸਿੱਖਿਆ ਮਨੁੱਖੀ ਸਮਾਜ, ਸੱਭਿਆਚਾਰਾਂ ਅਤੇ ਸੰਸਥਾਵਾਂ ਦੀ ਗਤੀਸ਼ੀਲਤਾ ਦਾ ਅਧਿਐਨ ਕਰਨ ਲਈ ਇੱਕ ਵਿਵਸਥਿਤ, ਸਬੂਤ-ਅਧਾਰਿਤ ਦ੍ਰਿਸ਼ਟੀਕੋਣ ਹੈ। ਸਮਾਜਿਕ ਸਿੱਖਿਆ ਕੋਰਸ ਵਿਦਿਆਰਥੀਆਂ ਨੂੰ ਤਰਕਪੂਰਨ ਸੋਚ ਅਤੇ ਲਿਖਾਈ ਦੀਆਂ ਮੁਹਾਰਤਾਂ, ਅਸਲ ਸਮਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀਆਂ ਮੁਹਾਰਤਾਂ ਅਤੇ ਸਾਡੀ ਵੱਖਰੀ ਦੁਨੀਆ ਦੀ ਇੱਕ ਵੱਡੀ ਸਮਝ ਪ੍ਰਦਾਨ ਕਰਨਗੇ। |
| ਸਿਹਤ-ਦੇਖਭਾਲ ਅਤੇ ਤੰਦਰੁਸਤੀ<br><br>ਫਿੱਟਨੈੱਸ ਸਪੈਸ਼ਲਿਸਟਾਂ, ਮੈਡੀਕਲ ਆਫ਼ਿਸ ਕਰਮਚਾਰੀਆਂ ਅਤੇ ਸਿਹਤ-ਦੇਖਭਾਲ ਪ੍ਰਦਾਤਿਆਂ ਦੀ ਬਹੁਤ ਜ਼ਿਆਦਾ ਮੰਗ ਹੈ। ਵਾਸ਼ਿੰਗਟਨ ਰਾਜ ਦੇ ਸਕੂਲਾਂ, ਕਲੀਨਿਕਾਂ, ਹਸਪਤਾਲਾਂ ਅਤੇ ਫਿਟਨੈੱਸ ਸੈਂਟਰਾਂ ਵਿੱਚ ਅਤੇ ਇਸ ਤੋਂ ਬਾਹਰ ਲੋਕਾਂ ਨਾਲ ਸਿੱਧਾ ਕੰਮ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਦੇਖਭਾਲਪੂਰਨ, ਦਿਆਲੂ ਲੋਕਾਂ ਦੀ ਲੋੜ ਹੈ। ਇੱਕ ਬਿਹਤਰੀਨ ਕਰੀਅਰ ਤੁਹਾਡੀ ਉਡੀਕ ਕਰ ਰਿਹਾ ਹੈ! |
| ਅੰਗਰੇਜ਼ੀ ਭਾਸ਼ਾ ਸਿੱਖਿਆ (ELL), ਹਾਈ ਸਕੂਲ ਕ੍ਰਡੈਂਸ਼ਿਅਲ ਅਤੇ ਕਾਲਜ ਦੀ ਤਿਆਰੀ<br><br>ਅੰਗਰੇਜ਼ੀ ਸਿੱਖੋ, ਆਪਣਾ ਹਾਈ ਸਕੂਲ ਡਿਪਲੋਮਾ ਪੂਰਾ ਕਰੋ, ਆਪਣੇ GED ਦੀ ਤਿਆਰੀ ਕਰੋ ਜਾਂ ਕਾਲਜ-ਪੱਧਰ ਦੇ ਕੋਰਸਾਂ ਲਈ ਤਿਆਰ ਹੋ ਜਾਓ। |
| ਮਾਨਵਿਕੀ-ਸ਼ਾਸਤਰ<br><br>ਜੇਕਰ ਤੁਸੀਂ ਸਿਰਜਣਾਤਮਕ ਅਤੇ ਤਰਕਪੂਰਨ ਸੋਚ ਮੁਹਾਰਤ ਦਾ ਵਿਕਾਸ ਕਰਨਾ ਚਾਹੁੰਦੇ ਹੋ ਜੋ ਬਹੁਤ ਸਾਰੇ ਰੁਜ਼ਗਾਰਦਾਤਾਂ ਕਰਨਾ ਚਾਹੁੰਦੇ ਹਨ ਜਾਂ ਜੇਕਰ ਤੁਸੀਂ ਕਿਸੇ ਯੂਨੀਵਰਸਿਟੀ ਵਿੱਚ ਟ੍ਰਾਂਸਫਰ ਹੋਣਾ ਚਾਹੁੰਦੇ ਹੋ, ਤਾਂ ਮਾਨਵਿਕੀ-ਸ਼ਾਸਤਰ ਦਾ ਰਾਹ ਤੁਹਾਨੂੰ ਇਨ੍ਹਾਂ ਮੌਕਿਆਂ ਲਈ ਤਿਆਰ ਕਰੇਗਾ। ਭਾਵੇਂ ਕੋਈ ਨਵੀਂ ਭਾਸ਼ਾ ਸਿੱਖਣੀ ਹੋਵੇ, ਜਾਂ ਪ੍ਰਭਾਵੀ ਤਰੀਕੇ ਨਾਲ ਸੰਚਾਰ ਕਰਨਾ ਸਿੱਖਣਾ ਹੋਵੇ ਜਾਂ ਦੁਨੀਆਂ ਅਤੇ ਇਸ ਵਿੱਚ ਆਪਣੀ ਜਗ੍ਹਾ ਬਾਰੇ ਸਾਡੀ ਸੋਚ ਨੂੰ ਸਮਝਣ ਲਈ ਤਰਕਪੂਰਨ ਦ੍ਰਿਸ਼ਟੀਕੋਣਾਂ ਦੀ ਪੜਤਾਲ ਕਰਨੀ ਹੋਵੇ, ਇਹ ਰਾਹ ਤੁਹਾਨੂੰ ਇੱਕ ਤਿਆਰ ਗਲੋਬਲ ਸਿਟੀਜ਼ਨ ਬਣਨ ਦੀ ਸਮਰੱਥਾ ਪ੍ਰਦਾਨ ਕਰੇਗਾ। |
| ਵਿੱਦਿਆ<br><br>ਅਰੰਭਿਕ ਬਚਪਨ ਜਾਂ ਐਲੀਮੈਂਟਰੀ ਵਿੱਦਿਆ ਵਿੱਚ ਕੰਮ ਕਰਨ ਦੇ ਰਾਹ ਖੋਜੋ। ਜੇਕਰ ਤੁਸੀਂ ਲੋਕਾਂ ਨਾਲ ਕੰਮ ਕਰਨ ਦਾ ਜਨੂਨ ਰੱਖਦੇ ਹੋ, ਤਾਂ ਸਾਡੇ ਨਾਲ ਆਪਣੇ ਕਰੀਅਰ ਅਤੇ ਡਿਗਰੀ ਵਿਕਲਪਾਂ ਦੀ ਖੋਜ ਕਰੋ। |
| ਫਾਈਨ ਆਰਟਸ<br><br>ਸਿਰਜਣਾਤਮਕ ਸ਼ੈਲੀ ਸਾਰੇ ਸਮਾਜਾਂ ਦੀ ਬੁਨਿਆਦ ਹੁੰਦੀ ਹੈ। ਇਹ ਉਹ ਹੈ ਜੋ ਸਾਨੂੰ ਇੱਕ ਵਿਲੱਖਣ ਮਨੁੱਖ ਬਣਾਉਂਦੀ ਹੈ। ਜੇਕਰ ਤੁਸੀਂ ਸਿਰਜਣਾਤਮਕ ਹੋ ਅਤੇ ਕਲਾਤਮਕ ਸ਼ੈਲੀ ਦੇ ਵੱਖ-ਵੱਖ ਰੂਪਾਂ ਬਾਰੇ ਹੋਰ ਜਾਣਨ ਵਿੱਚ ਦਿਲਚਸਪੀ ਰੱਖਦੇ ਹੋ ਜਾਂ ਜੇਕਰ ਤੁਸੀਂ ਇੱਕ ਕਲਾਕਾਰ ਦੇ ਰੂਪ ਵਿੱਚ ਵਿੱਚ ਨਵੀਆਂ ਤਕਨੀਕਾਂ ਸਿੱਖਣਾ ਅਤੇ ਆਪਣੇ ਹੁਨਰ ਨੂੰ ਹੋਰ ਨਿਖਾਰਣਾ ਚਾਹੁੰਦੇ ਹੋ ਤਾਂ ਤੁਹਾਨੂੰ ਦਿਲਚਸਪੀ ਦੇ ਇਸ ਖੇਤਰ 'ਤੇ ਕਲਿੱਕ ਕਰਨਾ ਚਾਹੀਦਾ ਹੈ ਅਤੇ ਸਿੱਖਣਾ ਚਾਹੀਦਾ ਹੈ ਕਿ ਕਿਵੇਂ Green River ਤੁਹਾਡੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। |

* 2. ਕਿਰਪਾ ਕਰਕੇ ਤਿੰਨ ਕਰੀਅਰ ਚੁਣੋ ਜੋ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੀ ਵਿੱਦਿਆ ਦੇ ਨਤੀਜੇ ਵਜੋਂ ਅੱਗੇ ਵਧਾਉਣ ਵਿੱਚ ਦਿਲਚਸਪੀ ਰੱਖਦੇ ਹੋ (ਜਿਵੇਂ ਕਿ ਮੈਡੀਕਲ ਅਸਿਸਟੈਂਟ, ਸੋਧ ਵਿਗਿਆਨਕ, ਲਾਅ ਇਨਫੋਰਸਮੈਂਟ ਆਫ਼ਿਸਰ, ਸੌਫ਼ਟਵੇਅਰ ਡਵੈਲਪਰ, ਛੋਟਾ ਕਾਰੋਬਾਰ ਮਾਲਕ ਆਦਿ।) ਜੇਕਰ ਤੁਹਾਨੂੰ ਆਪਣੇ

ਕਰੀਅਰ ਦੇ ਰਾਹ ਬਾਰੇ ਪਤਾ ਨਹੀਂ ਹੈ, ਤਾਂ ਕਿਰਪਾ ਕਰਕੇ ਹੇਠਾਂ ਸਾਰੇ ਟੈਕਸਟ-ਬਾਕਸਾਂ ਵਿੱਚ "ਮੈਨੂੰ ਨਹੀਂ ਪਤਾ" ਲਿਖੋ।

| | |
|---|---|
| ਕਰੀਅਰ ਵਿਕਲਪ #1 | |
| ਕਰੀਅਰ ਵਿਕਲਪ #2 | |
| ਕਰੀਅਰ ਵਿਕਲਪ #3 | |

* 3. ਤੁਹਾਡੇ ਦੁਆਰਾ ਉੱਪਰ ਦਰਜ ਕੀਤੇ ਗਏ ਤਿੰਨ ਕਰੀਅਰ ਵਿਕਲਪਾਂ ਅਤੇ ਸਰਵੇਖਣ ਦੀ ਸ਼ੁਰੂਆਤ ਵਿੱਚ ਤੁਹਾਡੇ ਦੁਆਰਾ ਸਮੀਖਿਆ ਕੀਤੇ ਦਿਲਚਸਪੀ ਦੇ ਖੇਤਰ ਵਿਕਲਪ (A ਜਾਂ B) ਦੀ ਵਰਤੋਂ ਕਰਦਿਆਂ, ਦਿਲਚਸਪੀ ਦੇ ਖੇਤਰ ਦੇ ਉਸ ਵਿਕਲਪ ਦੀ ਪਛਾਣ ਕਰੋ ਜਿੱਥੇ ਤੁਸੀਂ ਹਰੇਕ ਕਰੀਅਰ ਵਿਕਲਪ ਨੂੰ ਖੋਜਣ ਦੀ ਉਮੀਦ ਕਰੋਗੇ। *ਧਿਆਨ ਦਿਓ: AOI ਵਿਕਲਪ ਲਈ ਜੋ ਤੁਹਾਨੂੰ ਨਹੀਂ ਦਿਖਾਇਆ ਗਿਆ ਸੀ, ਕਿਰਪਾ ਕਰਕੇ ਉਸ ਕਾਲਮ ਲਈ ਸਾਰੇ ਡ੍ਰਾਪ-ਡਾਊਨ ਮੈੱਨਯੁ ਲਈ "ਮੈਨੂੰ ਇਹ ਵਿਕਲਪ ਨਹੀਂ ਦਿਖਾਇਆ ਗਿਆ ਸੀ" ਜਵਾਬ ਚੁਣੋ।*

| | ਦਿਲਚਸਪੀ ਦਾ ਖੇਤਰ ਵਿਕਲਪ A |
|---|---|
| ਕਰੀਅਰ ਵਿਕਲਪ #1 | |
| ਕਰੀਅਰ ਵਿਕਲਪ #2 | |
| ਕਰੀਅਰ ਵਿਕਲਪ #3 | |

* 4. ਤੁਹਾਡੇ ਦੁਆਰਾ ਉੱਪਰ ਦਰਜ ਕੀਤੇ ਗਏ ਤਿੰਨ ਕਰੀਅਰ ਵਿਕਲਪਾਂ ਅਤੇ ਸਰਵੇਖਣ ਦੀ ਸ਼ੁਰੂਆਤ ਵਿੱਚ ਤੁਹਾਡੇ ਦੁਆਰਾ ਸਮੀਖਿਆ ਕੀਤੇ ਦਿਲਚਸਪੀ ਦੇ ਖੇਤਰ ਵਿਕਲਪ (A ਜਾਂ B) ਦੀ ਵਰਤੋਂ ਕਰਦਿਆਂ, ਦਿਲਚਸਪੀ ਦੇ ਖੇਤਰ ਦੇ ਉਸ ਵਿਕਲਪ ਦੀ ਪਛਾਣ ਕਰੋ ਜਿੱਥੇ ਤੁਸੀਂ ਹਰੇਕ ਕਰੀਅਰ ਵਿਕਲਪ ਨੂੰ ਖੋਜਣ ਦੀ ਉਮੀਦ ਕਰੋਗੇ। *ਧਿਆਨ ਦਿਓ: AOI ਵਿਕਲਪ ਲਈ ਜੋ ਤੁਹਾਨੂੰ ਨਹੀਂ ਦਿਖਾਇਆ ਗਿਆ ਸੀ, ਕਿਰਪਾ ਕਰਕੇ ਉਸ ਕਾਲਮ ਲਈ ਸਾਰੇ ਡ੍ਰਾਪ-ਡਾਊਨ ਮੈੱਨਯੁ ਲਈ "ਮੈਨੂੰ ਇਹ ਵਿਕਲਪ ਨਹੀਂ ਦਿਖਾਇਆ ਗਿਆ ਸੀ" ਜਵਾਬ ਚੁਣੋ।*

| | ਦਿਲਚਸਪੀ ਦਾ ਖੇਤਰ ਵਿਕਲਪ B |
|---|---|
| ਕਰੀਅਰ ਵਿਕਲਪ #1 | |
| ਕਰੀਅਰ ਵਿਕਲਪ #2 | |
| ਕਰੀਅਰ ਵਿਕਲਪ #3 | |

## ਦਿਲਚਸਪੀ ਦਾ ਖੇਤਰ ਵਿਦਿਆਰਥੀ ਸਰਵੇਖਣ 2023

**ਕਿਰਪਾ ਕਰਕੇ ਆਪਣੀ ਸਰਵੋਤਮ ਸਮਰੱਥਾ ਦੇ ਅਨੁਸਾਰ ਹੇਠਾਂ ਦਿੱਤੇ ਬਿਆਨਾਂ ਅਤੇ ਸਵਾਲਾਂ ਦੇ ਜਵਾਬ ਦਿਓ।**

* 5. ਦਿਲਚਸਪੀ ਦਾ ਖੇਤਰ ਸਿਰਲੇਖ ਮੇਰੇ ਲਈ ਸਪਸ਼ਟ ਹਨ।

- ◯ ਸਹਿਮਤ
- ◯ ਕੁੱਝ ਹੱਦ ਤੱਕ ਸਹਿਮਤ
- ◯ ਕੁੱਝ ਹੱਦ ਤੱਕ ਅਸਹਿਮਤ
- ◯ ਅਸਹਿਮਤ

* 6. ਦਿਲਚਸਪੀ ਦੇ ਖੇਤਰ ਸਿਰਲੇਖਾਂ ਲਈ ਪ੍ਰਦਾਨ ਕੀਤੇ ਵੱਖ-ਵੱਖ ਤਰ੍ਹਾਂ ਦੇ ਵਿਕਲਪਾਂ ਤੋਂ ਮੈਂ ਸੰਤੁਸ਼ਟ ਹਾਂ।

- ◯ ਸਹਿਮਤ
- ◯ ਕੁੱਝ ਹੱਦ ਤੱਕ ਸਹਿਮਤ
- ◯ ਕੁੱਝ ਹੱਦ ਤੱਕ ਅਸਹਿਮਤ
- ◯ ਅਸਹਿਮਤ

* 7. ਦਿਲਚਸਪੀ ਦਾ ਖੇਤਰ ਵੇਰਵੇ ਮੈਨੂੰ ਸਪਸ਼ਟ ਹਨ।

- ◯ ਸਹਿਮਤ
- ◯ ਕੁੱਝ ਹੱਦ ਤੱਕ ਸਹਿਮਤ
- ◯ ਕੁੱਝ ਹੱਦ ਤੱਕ ਅਸਹਿਮਤ
- ◯ ਅਸਹਿਮਤ

* 8. ਦਿਲਚਸਪੀ ਦੇ ਖੇਤਰ ਵੇਰਵਿਆਂ ਲਈ ਪ੍ਰਦਾਨ ਕੀਤੇ ਵੱਖ-ਵੱਖ ਤਰ੍ਹਾਂ ਦੇ ਵਿਕਲਪਾਂ ਤੋਂ ਮੈਂ ਸੰਤੁਸ਼ਟ ਹਾਂ।

- ◯ ਸਹਿਮਤ
- ◯ ਕੁੱਝ ਹੱਦ ਤੱਕ ਸਹਿਮਤ
- ◯ ਕੁੱਝ ਹੱਦ ਤੱਕ ਅਸਹਿਮਤ
- ◯ ਅਸਹਿਮਤ

* 9. ਮੇਰਾ ਪ੍ਰੋਗਰਾਮ ਦਿਲਚਸਪੀ ਦੇ ਖੇਤਰ ਦੇ ਇਸ ਵਿਕਲਪ ਵਿੱਚ ਦਰਸਾਇਆ ਗਿਆ ਹੈ।

- ◯ ਸਹਿਮਤ
- ◯ ਕੁੱਝ ਹੱਦ ਤੱਕ ਸਹਿਮਤ
- ◯ ਕੁੱਝ ਹੱਦ ਤੱਕ ਅਸਹਿਮਤ
- ◯ ਅਸਹਿਮਤ
- ◯ ਮੈਂ ਕੋਈ ਪ੍ਰੋਗਰਾਮ ਤੈਅ ਨਹੀਂ ਕੀਤਾ ਹੈ

* 10. ਮੇਰੇ ਕੋਰਸ ਦਿਲਚਸਪੀ ਦੇ ਖੇਤਰ ਦੇ ਇਸ ਵਿਕਲਪ ਵਿੱਚ ਦਰਸਾਏ ਗਏ ਹਨ।

- ◯ ਸਹਿਮਤ
- ◯ ਕੁੱਝ ਹੱਦ ਤੱਕ ਸਹਿਮਤ
- ◯ ਕੁੱਝ ਹੱਦ ਤੱਕ ਅਸਹਿਮਤ
- ◯ ਅਸਹਿਮਤ
- ◯ ਮੈਂ Green River College ਵਿਖੇ ਕੋਈ ਕੋਰਸ ਨਹੀਂ ਲਿਆ ਹੈ

11. 1 ਤੋਂ 10 ਵਿੱਚੋਂ ਤੁਸੀਂ ਇਸ ਦਿਲਚਸਪੀ ਦੇ ਖੇਤਰ ਵਿਕਲਪ ਨੂੰ ਕਿੰਨਾ ਰੇਟ ਦਿਓਂਗੇ?

* 12. ਕੁੱਝ ਵਾਕਾਂ ਵਿੱਚ, ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਹਾਨੂੰ ਇਸ ਦਿਲਚਸਪੀ ਦੇ ਖੇਤਰ ਵਿਕਲਪ ਬਾਰੇ ਕੀ ਪਸੰਦ ਹੈ।

* 13. ਕੁੱਝ ਵਾਕਾਂ ਵਿੱਚ, ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਹਾਨੂੰ ਇਸ ਦਿਲਚਸਪੀ ਦੇ ਖੇਤਰ ਵਿਕਲਪ ਬਾਰੇ ਕੀ ਪਸੰਦ ਨਹੀਂ ਹੈ।

## ਦਿਲਚਸਪੀ ਦਾ ਖੇਤਰ ਵਿਦਿਆਰਥੀ ਸਰਵੇਖਣ 2023

* 14. ਤੁਹਾਡੀ ਉਮਰ ਕਿੰਨੀ ਹੈ?

- ◯ 18 ਤੋਂ ਘੱਟ
- ◯ 18-24
- ◯ 25-34
- ◯ 35-44
- ◯ 45-54
- ◯ 55-64
- ◯ 65+

* 15. ਤੁਹਾਡਾ ਲਿੰਗ ਕੀ ਹੈ?

- ◯ ਔਰਤ
- ◯ ਮਰਦ
- ◯ ਨੋਨ-ਬਾਇਨਰੀ
- ◯ ਮੈਂ ਜਵਾਬ ਨਹੀਂ ਦੇਣਾ ਚਾਹੁੰਦਾ/ਦੀ
- ◯ ਮੈਂ ਖੁਦ ਦੱਸਣਾ ਚਾਹਾਂਗਾ/ਗੀ (ਦੱਸੋ)

* 16. ਤੁਹਾਡੀ ਨਸਲ ਕਿਹੜੀ ਹੈ?

- ◯ ਗੋਰਾ
- ◯ ਕਾਲਾ ਜਾਂ ਅਫ਼ਰੀਕਨ ਅਮਰੀਕੀ
- ◯ ਹਿਸਪੈਨਿਕ ਜਾਂ ਲੈਟਿਨੋ
- ◯ ਏਸ਼ੀਆਈ ਜਾਂ ਏਸ਼ੀਅਨ ਅਮਰੀਕੀ
- ◯ ਅਮਰੀਕੀ ਮੂਲ ਜਾਂ ਅਲਾਸਕਾ ਮੂਲ
- ◯ ਮੂਲ ਹਵਾਈਅਨ ਜਾਂ ਹੋਰ ਪ੍ਰਸ਼ਾਂਤ ਦੀਪ ਵਾਸੀ

○ ਹੋਰ (ਕਿਰਪਾ ਕਰਕੇ ਦੱਸੋ)

* 17. ਤੁਸੀਂ Green River College ਵਿੱਚ ਕਿੰਨਾ ਸਮਾਂ ਪੜ੍ਹਾਈ ਕੀਤੀ ਹੈ?

○ ਇੱਕ ਸਾਲ ਤੋਂ ਘੱਟ

○ ਇੱਕ ਸਾਲ

○ ਦੋ ਸਾਲ

○ ਤਿੰਨ ਸਾਲ

○ ਚਾਰ ਸਾਲ

○ ਪੰਜ ਸਾਲਾਂ ਤੋਂ ਵੱਧ

ਹੋਰ ਸ਼ਾਮਲ ਹੋਵੋ! ਕੀ ਤੁਸੀਂ ਗਾਈਡਡ ਪਾਥਵੇਜ਼ ਅਤੇ ਇਸ ਭਵਿੱਖੀ Green River College ਨੂੰ ਇੱਕ ਵਾਸਤਵਿਕਤਾ ਬਣਾਉਣ ਵਿੱਚ ਸਾਡਾ ਸਾਥ ਦਿਓਂਗੇ? ਅਸੀਂ ਕੈਂਪਸ ਵਿੱਚ ਗਾਈਡਡ ਪਾਥਵੇਜ਼ ਵਰਕ ਗਰੁੱਪ ਨੂੰ ਫੀਡਬੈਕ ਪ੍ਰਦਾਨ ਕਰਨ ਲਈ ਵਿਦਿਆਰਥੀਆਂ ਦੇ ਇੱਕ ਵਿਵਿਧ ਸਮੂਹ ਦੀ ਤਲਾਸ਼ ਕਰ ਰਹੇ ਹਾਂ। ਕਿਰਪਾ ਕਰਕੇ ਇਸ ਫਾਰਮ ਨੂੰ ਭਰੋ ਅਤੇ ਸਾਨੂੰ ਦੱਸੋ ਕਿ ਤੁਸੀਂ ਮਦਦ ਕਰਨਾ ਚਾਹੁੰਦੇ ਹੋ ਅਤੇ ਤੁਸੀਂ ਕਿਵੇਂ ਯੋਗਦਾਨ ਦੇ ਸਕਦੇ ਹੋ। ਸ਼ੁਰੂਆਤ ਕਰਨ ਲਈ ਸਾਡੀ ਵਿਦਿਆਰਥੀ ਸ਼ਮੂਲੀਅਤ ਟੀਮ ਵਿੱਚੋਂ ਕੋਈ ਨੇੜੇ ਭਵਿੱਖ ਵਿੱਚ ਤੁਹਾਡੇ ਨਾਲ ਸੰਪਰਕ ਕਰੇਗਾ।